# ਰੋਜਾਨਾ ਕਰਾਇਮ ਰਿਪੋਰਟ ਮਿਤੀ 19.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਸਦਰ ਸਮਸ | 135 ਮਿਤੀ 18.07.2024 ਅ/ਧ ਅ/ਧ 132,221,351 BNS ਅਤੇ 42 PRISON ACT | ਜਿਲਾ ਜੇਲ ਸ੍ਰੀ ਮੁਕਤਸਰ ਸਾਹਿਬ | ਇੱਕ ਪੱਤਰ ਨੰਬਰ 3578 ਮਿਤੀ 18-07-2024 ਵੱਲੋ ਸਹਾਇਕ ਸੁਪਰਡੈਂਟ ਜਿਲ੍ਹਾ ਜੇਲ ਸ੍ਰੀ ਮੁਕਤਸਰ ਸਾਹਿਬ | 1. ਹਰਦੀਪ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਕਾਲਬਣਜਾਰਾ ਥਾਣਾ ਲਹਿਰਾ ਜਿਲ੍ਹਾ ਬਰਨਾਲਾ<br>2. 318435 ਕੈਦੀ ਅਪ੍ਰੈਲ ਸਿੰਘ ਉਰਫ ਸ਼ੇਰਾ ਪੁੱਤਰ ਕਰਮ ਸਿੰਘ ਵਾਸੀ ਖੁਰਸ਼ੇਪੁਰ ਜਿਲ੍ਹਾ ਜਲੰਧਰ | …….. | ਸੰਖੇਪ ਹਾਲਾਤ ਮੁਕੱਦਮਾ ਇੱਕ ਇੱਕ ਪੱਤਰ ਨੰਬਰ 3578 ਮਿਤੀ 18-07-2024 ਵੱਲੋਂ ਸਹਾਇਕ ਸੁਪਰਡੈਂਟ ਜਿਲ੍ਹਾ ਜੇਲ ਸ੍ਰੀ ਮੁਕਤਸਰ ਸਾਹਿਬ ਬਰਖਿਲਾਫ ਹਰਦੀਪ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਕਾਲਬਣਜਾਰਾ ਥਾਣਾ ਲਹਿਰਾ ਜਿਲ੍ਹਾ ਬਰਨਾਲਾ 2. 318435 ਕੈਦੀ ਅਪ੍ਰੈਲ ਸਿੰਘ ਉਰਫ ਸ਼ੇਰਾ ਪੁੱਤਰ ਕਰਮ ਸਿੰਘ ਵਾਸੀ ਖੁਰਸ਼ੇਪੁਰ ਵੱਲੋ ਮਿਤੀ 17-07-2024 ਨੂੰ ਜੇਲ੍ਹ ਅੰਦਰ ਲੱਗੀਆਂ ਪਿਕਸ ਮਸ਼ੀਨਾਂ ਨੂੰ ਪੈਂਗ ਕਰਕੇ ਉਨ੍ਹਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਸੀ ਤਾਂ ਇਸ ਸਬੰਧੀ ਪਤਾ ਲੱਗਣ ਤੇ ਵਰਿੰਦਰ ਕੁਮਾਰ ਸਹਾਇਕ ਸੁਪਰਡੈਂਟ ਵੈਲਫੇਅਰ ਅਫਸਰ ਵੱਲੋਂ ਤੁਰੰਤ ਇਨ੍ਹਾਂ ਬੰਦੀਆਂ ਨੂੰ ਸਮਝਾਇਆ ਗਿਆ ਕਿ ਪਿਕਸ ਮਸ਼ੀਨਾਂ ਨੂੰ ਹੈਂਗ ਕਰਨ ਨਾਲ ਜੇਲ੍ਹ ਦਾ ਸਿਸਟਮ ਕਰੈਸ਼ ਹੁੰਦਾ ਹੈ ਅਤੇ ਬਾਕੀ ਬੰਦੀਆਂ ਨੂੰ ਆਪਣੇ ਵਾਰਸਾਂ ਨਾਲ ਗੱਲਬਾਤ ਕਰਨ ਲਈ ਸਮੱਸਿਆ ਆਉਂਦੀ ਹੈ ਤਾਂ ਅੱਜ ਮਿਤੀ 18-07-2024 ਨੂੰ ਜਦ ਜੇਲ੍ਹ ਸੁਪਰਡੈਂਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਲੀਗਲ ਸਰਵਿਸ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਆਏ ਵਕੀਲਾਂ ਨਾਲ ਜੇਲ੍ਹ ਦੇ ਅੰਦਰ ਬੰਦੀਆਂ ਨੂੰ ਲੀਗਲ ਏਡ ਦੀ ਜਾਣਕਾਰੀ ਦੇਣ ਲਈ ਬੈਰਕਾਂ ਦਾ ਦੌਰਾ ਕੀਤਾ ਜਾ ਰਿਹਾ ਸੀ ਤਾਂ ਇਨ੍ਹਾਂ ਬੰਦੀਆਂ ਵੱਲੋਂ ਕੱਲ ਸ਼ਾਮ ਦੀ ਘਟਨਾ ਸਬੰਧੀ ਸਮਝਾਉਣ ਲਈ ਗਿਣਤੀ ਕੱਟ ਕੇ ਹੋਰ ਬੈਰਕ ਵਿੱਚ ਪਾਉਣ ਲਈ ਚੱਕਰ ਵਿੱਚ ਬੁਲਾਇਆ ਗਿਆ ਤਾਂ ਇਨ੍ਹਾਂ ਬੰਦੀਆਂ ਵੱਲੋਂ ਚੱਕਰ ਵਿੱਚ ਆਉਣ ਤੋਂ ਇਨਕਾਰੀ ਕੀਤੀ ਗਈ, ਜਦ ਡਿਊਟੀ ਵਾਰਡਰ ਸੁਖਦੇਵ ਸਿੰਘ 4695 ਅਤੇ ਪੈਸਕੋ ਕ੍ਰਮਚਾਰੀ ਬੋਹੜ ਸਿੰਘ ਉਕਤ ਬੰਦੀਆਂ ਨੂੰ ਬਲਾਕ ਨੰਬਰ 4 ਵਿੱਚ ਬੁਲਾਉਣ ਲਈ ਗਏ ਤਾਂ ਬੰਦੀਆਂ ਵੱਲੋਂ ਇਹਨਾਂ ਕ੍ਰਮਚਾਰੀਆਂ ਨੂੰ ਗਾਲਾਂ ਕੱਢਣੀਆਂ ਅਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈ, ਜਦੋਂ ਕ੍ਰਮਚਾਰੀਆਂ ਨੇ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਬੰਦੀਆਂ ਵੱਲੋਂ ਸੁਖਦੇਵ ਸਿੰਘ ਦੇ ਲੋਹੇ ਦੀ ਕਿਸੇ ਤੀਖੀ ਅਤੇ ਨੋਕੀਲੀ ਵਸਤੂ ਨਾਲ ਹਮਲਾ ਕਰ ਦਿੱਤਾ ਗਿਆ, ਜਿਸ ਕਰਕੇ ਵਾਰਡਨ ਸੁਖਦੇਵ ਸਿੰਘ ਦੇ ਚਿਹਰੇ ਵਿੱਚੋਂ ਖੂਨ ਨਿਕਲਣ ਲੱਗ ਪਿਆ, ਜਿਸਤੇ ਉਸਨੂੰ ਤੁਰੰਤ ਐਂਬੂਲੈਂਸ ਰਾਹੀਂ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਭੇਜ ਦਿੱਤਾ ਗਿਆ।ਉਕਤ ਬੰਦੀਆਂ ਨੂੰ ਜੇਲ੍ਹ ਦਾ ਮਾਹੌਲ ਖਰਾਬ ਅਤੇ ਸ਼ਾਂਤੋਂ ਭੰਗ ਕਰਕੇ ਅਧਿਕਾਰੀਆਂ ਅਤੇ ਕ੍ਰਮਚਾਰੀਆਂ ਨੂੰ ਮੰਦੀ ਸ਼ਬਦਾਵਲੀ ਵਰਤਣ ਕਰਕੇ ਉਨ੍ਹਾ ਤੇ ਜਾਨ ਲੇਵਾ ਹਮਲਾ ਕਰਕੇ ਜੇਲ੍ਹ ਨਿਯਮਾਂ ਦੀ ਘੋਰ ਉਲੰਘਣਾ, ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣਾ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਤੇ ਉਕਤ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | ---- | ਸ.ਥ ਜੰਗੀਰ ਸਿੰਘ |
| 2 | ਸਿਟੀ ਸਮਸ | 125 *ਮਿਤੀ* 18.07.2024 *ਅ/ਧ* 15B/61/85 NDPS Act | *ਬਾ ਹੱਦ ਬੂੜਾ ਗੁਜਰ ਰੋਡ ਨੇੜੇ ਪੁਲ ਸੂਆ ਪਿੰਡ ਬੂੜਾ ਗੁਜਰ ਵੱਲ* | *ASI ਸੁਖਦੇਵ ਸਿੰਘ* | *ਬਲਵਿੰਦਰ ਸਿੰਘ ਉਰਫ ਭਿੰਦਾ ਪੁਤਰ ਸੂਰਤ ਸਿੰਘ ਉਰਫ ਘੁੱਕ ਪੁੱਤਰ ਤਾਰਾ ਸਿੰਘ ਵਾਸੀ ਡੀ.ਸੀ ਐਮ ਸੀ ਵਾਲੀ ਗਲੀ ਗਾਧੀ ਨਗਰ ਬੂੜਾ ਗੁਜਰ ਰੋਡ ਸ੍ਰੀ ਮੁਕਤਸਰ ਸਾਹਿਬ* | ਹੋ ਚੁੱਕੀ ਹੈ | ਪੁਲਿਸ ਪਾਰਟੀ *ਬ੍ਰਾਏ ਗਸ਼ਤ ਦੇ ਸਬੰਧ ਵਿੱਚ ਮਸੀਤ ਚੌਕ,ਤੋ ਬੂੜਾ ਗੁਜਰ ਰੋਡ ਆਦਿ ਨੂੰ ਜਾ ਰਹੇ ਸੀ ਜਸ ਪੁਲਿਸ ਪਾਰਟੀ ਬੂੜਾ ਗੁਜਰ ਰੋਡ ਪੁਲ ਸੂਆ ਰੋਡ ਤੇ ਕ੍ਰੀਬ ਅੱਧਾ ਕਿਲੋਮੀਟਰ ਅੱਗੇ ਪੁੱਜੀ ਤਾਂ ਸੱਜੇ ਹੱਥ ਇਕ ਮੋਨਾ ਨੋਜਵਾਨ ਨਲਕੇ ਕੋਲ ਕਾਲੇ ਰੰਗ ਦੇ ਮੋਮੀ ਲਿਫਾਫਾ ਵਿਚੋ ਕੁੱਝ ਕੱਢ ਕਿ ਖਾ ਰਿਹਾ ਸੀ ਜਿਸ ਨੂੰ ਮਨ ਸ:ਥ ਨਲਕੇ ਦੇ ਨੇੜੇ ਜਾ ਕਿ ਵੀ.ਡੀ ਓ ਬਣਾਈ ਤੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾ ਮੋਨੇ ਨੋਜਵਾਨ ਨੇ ਆਪਣਾ ਨਾਮ ਬਲਵਿੰਦਰ ਸਿੰਘ ਉਰਫ ਭਿੰਦਾ ਪੁਤਰ ਸੂਰਤ ਸਿੰਘ ਉਰਫ ਘੁੱਕ ਪੁੱਤਰ ਤਾਰਾ ਸਿੰਘ ਵਾਸੀ ਡੀ.ਸੀ ਐਮ ਸੀ ਵਾਲੀ ਗਲੀ ਗਾਧੀ ਨਗਰ ਬੂੜਾ ਗੁਜਰ ਰੋਡ ਸ੍ਰੀ ਮੁਕਤਸਰ ਸਾਹਿਬ ਮੋਮੀ ਲਿਫਾਫਾ ਰੰਗ ਕਾਲਾ ਵਿੱਚ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ ਤੇ, ਉਸ ਦੀ ਤਲਾਸ਼ੀ ਕੀਤੀ ਤਾ ਉਸ ਪਾਸੋ 1 ਕਿਲੋ 500 ਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਇਆ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ।* | *1 ਕਿਲੋ 500 ਗ੍ਰਾਮ ਭੁੱਕੀ ਚੂਰਾ ਪੋਸਤ* | *ASI ਸੁਖਦੇਵ ਸਿੰਘ* |

| | | | | | | | | | |
|---|---|---|---|---|---|---|---|---|---|
| 3 | ਸਿਟੀ ਸਮਸ | 126<br>*ਮਿਤੀ*<br>18.07.2024<br>*ਅ/ਧ*<br>21A/61/85 NDPS Act | ਬਾ ਹੱਦ ਸਹਿਰ ਸਮਸ ਬਲਮਗੜ੍ਹ ਰੋਡ ਨੇੜੇ ਸੰਤੂ ਕਬਾੜੀਆ ਦੀ ਫੈਕਟਰੀ | ASI ਰਾਜਦਵਿੰਦਰ ਸਿੰਘ | *ਰਾਹੁਲ ਪੁੱਤਰ ਜਸਵੰਤ ਸਿੰਘ ਉਰਫ ਕਾਕੂ ਪੁੱਤਰ ਤਸ਼ਬੀਰਾ ਸਿੰਘ ਵਾਸੀ ਟਿੱਬੀ ਸਾਹਿਬ ਰੋਡ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਾਲੀ ਗਲੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ* | ਹੋ ਚੁੱਕੀ ਹੈ | ਪੁਲਿਸ ਪਾਰਟੀ *ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਸ਼ਹਿਰ ਮੁਕਤਸਰ ਤੋ ਬਲਮਗੜ ਰੋਡ ਆਦਿ ਨੂੰ ਜਾ ਰਹੇ ਸੀ ਜਦ ਪੁਲਿਸ ਪਾਰਟੀ ਨੇੜੇ ਸੰਤੂ ਕਬਾੜੀਆ ਦੀ ਫੈਕਟਰੀ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਤੋ ਥੋੜਾ ਅੱਗੈ ਪੁੱਜੀ ਤਾਂ ਇਕ ਮੋਨਾ ਨੋਜਵਾਨ ਸੜਕ ਦੇ ਖੱਬੇ ਹੱਥ ਆਉਂਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕਿ ਇਕ ਦੱਮ ਪਿੱਛੇ ਨੂੰ ਮੁੜਨ ਲੱਗਾ ਜਿਸ ਨੂੰ ਸ:ਥ: ਨੇ ਪਿੱਛੋ ਅਵਾਜ ਮਾਰ ਕਿ ਰੁਕਣ ਲਈ ਕਿਹਾ ਤੇ ਨੇੜੇ ਜਾ ਕਿ ਵੀ.ਡੀ ਓ ਬਣਾਈ ਤੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾ ਮੋਨੇ ਨੋਜਵਾਨ ਨੇ ਆਪਣਾ ਨਾਮ ਰਾਹੁਲ ਪੁੱਤਰ ਜਸਵੰਤ ਸਿੰਘ ਉਰਫ ਕਾਕੂ ਪੁੱਤਰ ਤਸ਼ਬੀਰਾ ਸਿੰਘ ਵਾਸੀ ਟਿੱਬੀ ਸਾਹਿਬ ਰੋਡ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਾਲੀ ਗਲੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੱਸਿਆ ਜਦ ਉਕਤ ਨੋਜਵਾਨ ਦੀ ਚੈਕਿੰਗ ਕੀਤੀ ਤਾ ਉਸ ਪਾਸੋ* 4 *ਗ੍ਰਾਮ ਹੈਰੋਇਨ ਬ੍ਰਾਮਦ ਹੋਈ ਜਿਸ ਤੇ ਰੁੱਕਾ ਮੋਸੂਲ ਥਾਣਾ ਹੋਣ ਤੇ* **FIR NO.126 *ਮਿਤੀ* 18.07.2024 *ਅ/ਧ* 21A/61/85 NDPS Act *ਥਾਣਾ ਸਿਟੀ ਸ਼੍ਰੀ ਮੁਕਤਸਰ ਸਾਹਿਬ*।** *ਬਰਖਿਲਾਫ ਰਾਹੁਲ ਪੁੱਤਰ ਜਸਵੰਤ ਸਿੰਘ ਉਰਫ ਕਾਕੂ ਪੁੱਤਰ ਤਸ਼ਬੀਰਾ ਸਿੰਘ ਵਾਸੀ ਟਿੱਬੀ ਸਾਹਿਬ ਰੋਡ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਾਲੀ ਗਲੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਰਜ* CCTNS *ਥਾਣਾ ਕਰਨਾ ਸ਼ੁਰੂ ਕੀਤਾ ਜਾਦਾ ਹੈ* | 04 ਗਰਾਮ ਹੈਰੋਇਨ | ASI ਰਾਜਦਵਿੰਦਰ ਸਿੰਘ |
| 4 | ਸਿਟੀ ਸਮਸ | 127<br>*ਮਿਤੀ*<br>18.07.2024<br>*ਅ/ਧ* 21b/61/85<br>NDPS Act | ਬਾ-ਹੱਦ ਰਕਬਾ ਵਧਾਈ ਰੋਡ, ਸ੍ਰੀ ਮੁਕਤਸਰ ਸਾਹਿਬ | SI ਅਮਰ ਸਿੰਘ | ਤਰਸੇਮ ਕੁਮਾਰ ਉਰਫ ਸੋਨੂੰ ਪੁੱਤਰ ਲਛਮਣ ਦਾਸ ਪੁੱਤਰ ਸੂਰਜ ਭਾਨ ਵਾਸੀ ਗਲੀ ਨੰਬਰ 21 ਗੋਨਿਆਣਾ ਰੋਡ ਸ੍ਰੀ ਮੁਕਤਸਰ ਸਹਿ | ਹੋ ਚੁੱਕੀ ਹੈ | ਪੁਲਿਸ ਪਾਰਟੀ ਬਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਕਰਮਪੁਰਾ ਬਸਤੀ ਤੋਂ ਵਧਾਈ ਰੋਡ ਰਾਂਹੀ ਅਬੋਹਰ-ਸ੍ਰੀ ਮੁਕਤਸਰ ਸਾਹਿਬ ਰੋਡ ਨੂੰ ਆ ਰਹੇ ਸੀ ਜਦ ਪੁਲਿਸ ਪਾਰਟੀ ਅਬੋਹਰ-ਸ੍ਰੀ ਮੁਕਤਸਰ ਸਾਹਿਬ ਰੋਡ ਤੋ ਕਰੀਬ 150 ਮੀਟਰ ਪਿੱਛੇ ਸੀ ਤਾਂ ਸੜਕ ਦੇ ਸੱਜੇ ਪਾਸੇ ਇੱਕ ਲੜਕਾ ਰੋਇਲ ਇਨ ਫੀਲਡ ਬੁਲੇਟ ਮੋਟਰਸਾਈਕਲ ਰੰਗ ਕਾਲਾ ਪਰ ਬੈਠਾ ਮੋਮੀ ਲਿਫਾਫਾ ਦੀ ਫਰੋਲਾ- ਫਰਾਲੀ ਕਰ ਰਿਹਾ ਦਿਖਾਈ ਦਿੱਤਾ,ਜੋ ਪੁਲਿਸ ਪਾਰਟੀ ਨੂੰ ਵੇਖ ਕੇ ਮੋਟਰਸਾਈਕਲ ਸਟਾਰਟ ਕਰਨ ਲੱਗਾ,ਜਿਸ ਤੇ SI ਅਮਰ ਸਿੰਘ ਨੇ ਸ਼ੱਕ ਦੀ ਬਿਨ੍ਹਾ ਪਰ ਗੱਡੀ ਰੁਕਵਾ ਕੇ ਮੋਟਰਸਾਈਕਲ ਪਰ ਬੈਠੇ ਲੜਕੇ ਜਿਸ ਦੇ ਸੱਜੇ ਹੱਥ ਵਿਚ ਕਾਲੇ ਰੰਗ ਦਾ ਮੋਮੀ ਲਿਫਾਫਾ ਹੈ, ਸਮੇਤ ਕਾਬੂ ਕੀਤਾ। ਜਿਸ ਦਾ ਨਾਮ-ਪਤਾ ਪੁੱਛਣ ਪਰ ਉਸ ਨੇ ਆਪਣਾ ਨਾਮ ਤਰਸੇਮ ਕੁਮਾਰ ਉਰਫ ਸੋਨੂੰ ਪੁੱਤਰ ਲਛਮਣ ਦਾਸ ਪੁੱਤਰ ਸੂਰਜ ਭਾਨ ਵਾਸੀ ਗਲੀ ਨੰਬਰ 21 ਗੋਨਿਆਣਾ ਰੋਡ ਸ੍ਰੀ ਮੁਕਤਸਰ ਸਹਿਬ ਦੱਸਿਆ ਜਿਸ ਦੀ ਤਲਾਸ਼ੀ ਕੀਤੀ ਤਾ ਉਸ ਪਾਸੋ 07 ਗ੍ਰਾਮ 91 ਮਿਲੀਗ੍ਰਾਮ ਸਮੇਤ ਪਾਰਦਰਸ਼ੀ ਮੋਮੀ ਲਿਫਾਫੀ ਬ੍ਰਾਮਦ ਹੋਈ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ | 07 ਗ੍ਰਾਮ 91 ਮਿਲੀਗ੍ਰਾਮ ਹੈਰੋਇਨ | SI ਅਮਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ